## ਕਾਨੂੰਨੀ ਨਿਰਪੱਖ ਜਾਚਕ (Legal Ombudsman)

# ਇਥੇ ਮਦਦ ਕਰਨ ਲਈ

## ਜੇ ਤੁਹਾਡੀ ਕੋਈ ਸ਼ਿਕਾਇਤ ਹੋਵੇ ਤਾਂ ਕੀ ਕਰਨਾ ਹੈ

**ਕਾਨੂੰਨੀ ਨਿਰਪੱਖ ਜਾਚਕ (Legal Ombudsman) ਕਾਨੂੰਨੀ ਸੇਵਾਵਾਂ ਬਾਰੇ ਤੁਹਾਡੀ ਸ਼ਿਕਾਇਤ ਸੁਲਝਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ**

- ਕੀ ਤੁਸੀਂ ਆਪਣੇ ਵਕੀਲ ਜਾਂ ਵਕੀਲਾਂ ਦੀ ਕੰਪਨੀ ਵੱਲੋਂ ਪ੍ਰਦਾਨ ਕੀਤੀ ਸੇਵਾ ਨਾਲ ਨਾਖੁਸ਼ ਹੋ?

- ਕੀ ਤੁਹਾਡੇ ਖਿਆਲ ਵਿੱਚ ਤੁਹਾਡੇ ਵਕੀਲ ਨੇ ਉਹ ਕੁੱਝ ਨਹੀਂ ਕੀਤਾ ਜੋ ਉਹ ਕਰਨ ਲਈ ਸਹਿਮਤ ਹੋਇਆ/ਹੋਈ ਸੀ, ਤੁਹਾਡੇ ਫ਼ੋਨ ਕਾਲਾਂ ਪ੍ਰਤੀ ਉੱਤਰ ਦੇਣ ਵਿੱਚ ਦੇਰ ਕੀਤੀ ਹੈ, ਜਾਂ ਇਸ ਬਾਰੇ ਤੁਹਾਨੂੰ ਚੰਗੀ ਤਰ੍ਹਾਂ ਸਮਝਾਉਣ ਤੋਂ ਬਗੈਰ ਹੀ ਉਸ ਨੇ ਆਪਣੀ ਫ਼ੀਸ ਵਧਾ ਦਿੱਤੀ ਹੈ?

- ਕੀ ਤੁਸੀਂ ਉਨ੍ਹਾਂ ਨੂੰ ਦੱਸਿਆ ਹੈ ਅਤੇ ਫਿਰ ਵੀ ਤੁਹਾਨੂੰ ਸੰਤੁਸ਼ਟ ਉੱਤਰ ਨਹੀਂ ਪ੍ਰਾਪਤ ਹੋਇਆ?

**ਇਹ ਪਰਚਾ ਤੁਹਾਨੂੰ ਕਾਨੂੰਨੀ ਨਿਰਪੱਖ ਜਾਚਕ (Legal Ombudsman) ਅਤੇ ਸਾਡੇ ਵੱਲੋਂ ਮੁਹੱਈਆ ਕੀਤੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੰਦਾ ਹੈ। ਜਿਸ ਪ੍ਰਕਾਰ ਦੀਆਂ ਸ਼ਿਕਾਇਤਾਂ ਨਾਲ ਅਸੀਂ ਨਜਿੱਠ ਸਕਦੇ ਹਾਂ ਅਤੇ ਜਿਨ੍ਹਾਂ ਲੋਕਾਂ ਅਤੇ ਸੰਸਥਾਵਾਂ ਦੀ ਅਸੀਂ ਮਦਦ ਕਰ ਸਕਦੇ ਹਨ ਬਾਰੇ ਇਸ ਵਿੱਚ ਜਾਣਕਾਰੀ ਸ਼ਾਮਲ ਹੈ। ਤੁਹਾਨੂੰ ਸਮਝਣ ਵਿੱਚ ਮਦਦ ਕਰਨ ਲਈ ਕਿ ਇਹ ਸੇਵਾ ਕਿਵੇਂ ਕੰਮ ਕਰਦੀ ਹੈ, ਅੰਦਰ ਲੜੀਵਾਰ ਰਾਹਬਰ ਵੀ ਸ਼ਾਮਲ ਹੈ।**

ਅਸੀਂ ਕਾਨੂੰਨੀ ਸੇਵਾਵਾਂ ਬਾਰੇ ਸ਼ਿਕਾਇਤਾਂ ਸੁਲਝਾਉਣ ਲਈ ਅਧਿਕਰਿਤ ਅਧਿਕਾਰਾਂ ਵਾਲੀ ਇੱਕ ਸੁਤੰਤਰ ਸੰਸਥਾ ਹਾਂ। ਅਸੀਂ ਬਿਲਕੁੱਲ ਨਿਰਪੱਖ ਹਾਂ ਅਤੇ ਕਿਸੇ ਧਿਰ ਵੱਲ ਨਹੀਂ ਹੁੰਦੇ। ਜਦੋਂ ਸਾਨੂੰ ਸ਼ਿਕਾਇਤ ਮਿਲਦੀ ਹੈ, ਅਸੀਂ ਸੱਭ ਤੱਤ ਦੇਖ ਦੇ ਹਾਂ ਤਾਂ ਕਿ ਅਸੀਂ ਉਹ ਫੈਸਲਾ ਕਰ ਸਕੀਏ ਜੋ ਇਸ ਮਸਲੇ ਨਾਲ ਸੰਬੰਧਿਤ ਸੱਭ ਲਈ ਨਿਆਂ ਵਾਲਾ ਹੋਵੇ। ਜੇ ਅਸੀਂ ਇਹ ਫੈਸਲਾ ਕੀਤਾ ਕਿ ਜੋ ਸੇਵਾ ਤੁਹਾਨੂੰ ਪ੍ਰਾਪਤ ਹੋਈ ਹੈ ਉਹ ਸੰਤੋਖਜਨਕ ਨਹੀਂ, ਤਾਂ ਅਸੀਂ ਯਕੀਨੀ ਬਣਾ ਸਕਦੇ ਹਾਂ ਕਿ ਤੁਹਾਡਾ ਵਕੀਲ ਜਾਂ ਵਕੀਲਾਂ ਦੀ ਕੰਪਨੀ ਇਸ ਨੂੰ ਸਹੀ ਕਰੇ।

ਸਾਡੀ ਸੇਵਾ ਉਪਭੋਗੀਆਂ ਲਈ ਮੁੱਫ਼ਤ ਹੈ।

LEGAL OMBUDSMAN

## ਅਸੀਂ ਕਿਹੜੇ ਮਸਲੇ ਸੁਲਝਾਉਣ ਵਿੱਚ ਮਦਦ ਕਰ ਸਕਦੇ ਹਾਂ?

ਅਸੀਂ ਬਹੁਤ ਅਲੱਗ ਅਲੱਗ ਪ੍ਰਕਾਰ ਦੀਆਂ ਕਾਨੂੰਨੀ ਸੇਵਾਵਾਂ ਬਾਰੇ ਸ਼ਿਕਾਇਤਾਂ ਵਿੱਚ ਸ਼ਾਮਲ ਹੋ ਸਕਦੇ ਹਾਂ, ਉਦਾਹਰਨ ਵੱਜੋਂ ਵਕੀਲ ਨੇ ਵਸੀਅਤਨਾਮੇ ਜਾਂ ਪਰਿਵਾਰਕ ਮਸਲੇ ਨਾਲ ਜਿਸ ਢੰਗ ਨਾਲ ਨਜਿੱਠਿਆ ਹੈ। ਸਰੀਰਕ ਸੱਟ-ਫੇਟ ਦੇ ਦਾਹਵੇ ਜਾਂ ਘਰ ਖ਼ਰੀਦਣ ਜਾਂ ਵੇਚਣ ਸਮੇਂ ਜੇ ਤੁਹਾਨੂੰ ਘੱਟੀਆ ਸੇਵਾ ਪ੍ਰਾਪਤ ਹੋਈ ਹੋਵੇ ਤਾਂ ਵੀ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।

ਅਸੀਂ ਸੱਭ ਪ੍ਰਕਾਰ ਦੇ ਵਕੀਲਾਂ ਬਾਰੇ ਸ਼ਿਕਾਇਤਾਂ ਦੀ ਜਾਂਚ ਕਰ ਸਕਦੇ ਹਾਂ: ਸੋਲਿਸੀਟਰਸ (solicitors), ਬਾਰਿਸਟਰਸ (barristers), ਲਸੰਸਸ਼ੁਦਾ ਕੌਨਵੇਅੰਸਰ (licensed conveyancers), ਖ਼ਰਚਾ ਮਾਹਿਰ ਵਕੀਲ (cost lawyers), ਲੀਗਲ ਐਸਜ਼ੈਕਟਿਵ (legal executives), ਦਸਤਾਵੇਜ਼ ਪ੍ਰਮਾਣ ਕਰਤਾ (notaries), ਅਧਿਕਾਰਗਤ ਅਟਾਰਨੀ (patent attorneys), ਮਾਰਕਾ ਅਟਾਰਨੀ ( trade mark attorneys), ਕਾਨੂੰਨ ਦੀਆਂ ਕੰਪਨੀਆਂ (law firms) ਅਤੇ ਕਾਨੂੰਨੀ ਸੇਵਾਵਾਂ ਮੁਹੱਈਆ ਕਰਨ ਵਾਲੀਆਂ ਕੰਪਨੀਆਂ।

ਪਤਾ ਕਰਨ ਲਈ ਕਿ ਅਸੀਂ ਮਦਦ ਕਰ ਸਕਦੇ ਹਾਂ ਜਾਂ ਨਹੀਂ, ਕਿਰਪਾ ਕਰਕੇ ਸੰਪਰਕ ਕਰੋ। ਤਸੀਂ ਸਾਡਾ ਸੰਪਰਕ ਵੇਰਵਾ ਇਸ ਪਰਚੇ ਦੇ ਪਿੱਛੇ ਲੱਭ ਸਕਦੇ ਹੋ।

## ਸਾਡੀ ਸੇਵਾ ਕੌਣ ਵਰਤ ਸਕਦਾ ਹੈ?

ਸਾਡੀ ਸੇਵਾ ਜਨਤਾ ਦੇ ਸੱਭ ਵਿਅਕਤੀਆਂ ਅਤੇ ਬਹੁਤ ਛੋਟੇ ਕਾਰੋਬਾਰਾਂ, ਉਪਕਾਰੀ ਸੰਸਥਾਵਾਂ, ਕਲੱਬਾਂ ਅਤੇ ਟਰੱਸਟਾਂ ਲਈ ਖੁੱਲ੍ਹੀ ਹੈ।

ਅਸੀਂ ਚਹੁੰਦੇ ਹਾਂ ਕਿ ਤੁਸੀਂ ਖੁਦ ਆਪ ਸਾਡੇ ਨਾਲ ਸਿੱਧਾ ਸੰਪਰਕ ਕਰੋ ਪਰੰਤੂ ਤੁਸੀਂ ਦੋਸਤ, ਪਰਿਵਾਰ ਦੇ ਜੀਅ ਜਾਂ ਹੋਰ ਕਿਸੇ ਨੂੰ ਤੁਹਾਡੇ ਵੱਲੋ ਸਾਡੇ ਨਾਲ ਸੰਪਰਕ ਕਰਨ ਲਈ ਬੇਨਤੀ ਕਰ ਸਕਦੇ ਹੋ। ਜੇ ਤੁਸੀਂ ਕਿਸੇ ਨੂੰ ਤੁਹਾਡੀ ਨੁਮਾਇੰਦਗੀ ਕਰਨ ਲਈ ਪੈਸੇ ਦੇਣ ਦਾ ਫੈਸਲਾ ਕੀਤਾ, ਜਿਸ ਤਰ੍ਹਾਂ ਕਿ ਕਲੇਮਜ਼ ਮੈਨੇਜਮੈਂਟ ਕੰਪਨੀ (claims management company), ਤਾਂ ਤੁਹਾਨੂੰ ਉਨ੍ਹਾਂ ਦਾ ਖ਼ਰਚਾ ਦੇਣਾ ਪਵੇਗਾ।

ਪਤਾ ਕਰਨ ਲਈ ਕਿ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ ਜਾਂ ਨਹੀਂ, ਕਿਰਪਾ ਕ ਰਕੇ ਸਾਨੂੰ ਫ਼ੋਨ ਕਰੋ।

## ਜੇ ਅਸੀਂ ਮਦਦ ਨਾ ਕਰ ਸਕਈਏ ਤਾਂ ਫਿਰ?

ਜੇ ਅਸੀਂ ਮਦਦ ਨਾ ਕਰ ਸਕੀਏ, ਤਾਂ ਅਸੀਂ ਤੁਹਾਡਾ ਉਨ੍ਹਾਂ ਹੋਰ ਸੰਸਥਾਵਾਂ ਨਾਲ ਤਾਲ-ਮੇਲ ਕਰਾ ਸਕਦੇ ਹਾਂ ਜੋ ਪੇਸ਼ੇਵਾਰਾਨਾ ਕੁਕਰਮ ਵਰਗੇ ਮਸਲਿਆਂ ਦੀ ਪੜਤਾਲ ਕਰ ਸਕਦੀਆਂ ਹਨ। ਉਦਾਹਰਨ ਵੱਜੋਂ, ਸੋਲੀਸੀਟਰਜ਼ ਰੈਗੂਲੇਸ਼ਨ ਔਥੋਰੇਟੀ (Solicitors Regulation Authority) ਅਤੇ ਬਾਰ ਸਟੈਂਡਰਜ਼ ਬੋਰਡ (Bar Standards Board) ਇਸ ਵਰਗੇ ਮਸਲਿਆਂ ਨਾਲ ਨਜਿੱਠਦੇ ਹਨ ਜੋ ਸਾਡੇ ਅਧਿਕਾਰਾਂ ਤੋਂ ਬਾਹਰ ਹਨ।

LEGAL OMBUDSMAN

# ਤੁਹਾਨੂੰ ਇਹ ਕੱਦਮ ਉਠਾਉਣੇ ਚਾਹੀਦੇ ਹਨ

## ਕੱਦਮ 1: ਆਪਣੇ ਵਕੀਲ ਨੂੰ ਦੱਸੋ

ਤੁਹਾਨੂੰ ਆਪਣੇ ਵਕੀਲ ਤੋਂ ਸੱਭ ਤੋਂ ਉੱਚੇ ਮਿਆਰ ਦੀ ਸੇਵਾ ਅਤੇ ਨਿਆਂ ਪ੍ਰਾਪਤ ਕਰਨ ਦਾ ਅਧਿਕਾਰ ਹੈ। ਪਰ ਕੁੱਝ ਵਾਰੀ ਚੀਜ਼ਾਂ ਗਲਤ ਹੋ ਜਾਂਦੀਆਂ ਹਨ।

ਜੋ ਸੇਵਾ ਤੁਹਾਨੂੰ ਪ੍ਰਾਪਤ ਹੋਈ ਹੈ ਜੇ ਤੁਸੀਂ ਉਸ ਪ੍ਰਤੀ ਖੁਸ ਨਹੀਂ ਹੋ, ਤਾਂ ਆਪਣੇ ਵਕੀਲ ਨੂੰ ਦੱਸੋ। ਉਸ ਨੂੰ ਖੁੱਦ ਆਪ ਸੱਭ ਕੁੱਝ ਦਰੁਸਤ ਕਰਨ ਲਈ ਮੌਕਾ ਦੇਣਾ ਲਾਜ਼ਮੀ ਹੈ। ਹਰ ਵਕੀਲ ਨੂੰ ਸਪਸ਼ਟੀਕਰਨ ਦੇਣਾ ਲਾਜ਼ਮੀ ਹੈ ਕਿ ਉਨ੍ਹਾਂ ਦੀ ਸ਼ਿਕਾਇਤਾਂ ਨਾਲ ਨਜਿੱਠਣ ਦੀ ਕਾਰਵਾਈ ਕਿਸ ਤਰ੍ਹਾਂ ਕੰਮ ਕਰਦੀ ਹੈ। ਇਸ ਕਰਕੇ ਉਸ ਨੂੰ ਪਹਿਲਾਂ ਹੀ ਇਸ ਬਾਰੇ ਪੁੱਛੋ।

ਕਾਨੂੰਨੀ ਨਿਰਪੱਖ ਜਾਚਕ (Legal Ombudsman) ਦੇ ਇਸ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਤੁਹਾਨੂੰ ਆਪਣੇ ਵਕੀਲ ਨੂੰ ਤੁਹਾਡੀ ਸ਼ਿਕਾਇਤ ਨਾਲ ਨਜਿੱਠਣ ਦਾ ਮੌਕਾ ਦੇਣਾ ਲਾਜ਼ਮੀ ਹੈ। ਜਦੋਂ ਹੀ ਤੁਹਾਨੂੰ ਪਤਾ ਲੱਗੇ ਕਿ ਕੋਈ ਸਮੱਸਿਆ ਹੈ ਤਾਂ ਉਸੇ ਸਮੇਂ ਉਨ੍ਹਾਂ ਕੋਲ ਸ਼ਿਕਾਇਤ ਕਰੋ – ਜਿਆਦਾ ਦੇਰ ਨਾ ਹੋਣ ਦਿਓ।

ਜੇ ਤੁਹਾਨੂੰ ਆਪਣੇ ਵਕੀਲ ਨਾਲ ਸੰਪਰਕ ਕਰਨ ਵਿੱਚ ਮੁਸ਼ਕਲ ਆ ਰਹੀ ਹੋਵੇ ਅਤੇ ਤੁਹਾਨੂੰ ਪੱਕਾ ਨਹੀਂ ਪਤਾ ਕਿ ਉਪਰੰਤ ਕੀ ਕਰਨਾ ਚਾਹੀਦਾ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

## ਕੱਦਮ 2: ਆਪਣੇ ਵਕੀਲ ਨੂੰ ਚੀਜ਼ਾਂ ਸੁਲਝਾਉਣ ਲਈ ਸਮਾਂ ਦਿਓ

ਤੁਹਾਨੂੰ ਆਪਣੇ ਵਕੀਲ ਨੂੰ ਤੁਹਾਡੀ ਸ਼ਿਕਾਇਤ ਸੁਲਝਾਉਣ ਲਈ ਅੱਠ ਹਫ਼ਤਿਆਂ ਤੱਕ ਸਮਾਂ ਦੇਣਾ ਚਾਹੀਦਾ ਹੈ। ਜੇ ਅੱਠ ਹਫਤਿਆਂ ਬਾਦ ਤੁਹਾਡੀ ਸੰਤੁਸ਼ਟਤਾ ਅਨੁਸਾਰ ਉਸ ਨੇ ਤੁਹਾਡੀ ਸ਼ਿਕਾਇਤ ਨਾਲ ਨਾ ਨਜਿੱਠਿਆ, ਤਾਂ ਤੁਸੀਂ ਕਾਨੂੰਨੀ ਨਿਰਪੱਖ ਜਾਚਕ (Legal Ombudsman) ਨੂੰ ਵਿੱਚ ਸ਼ਾਮਲ ਕਰ ਸਕਦੇ ਹੋ।

## ਕੱਦਮ 3: ਨਿਰਪੱਖ ਕਾਨੂੰਨੀ ਜਾਚਕ (Legal Ombudsman) ਕੋਲ ਆਪਣੀ ਸ਼ਿਕਾਇਤ ਲਿਆਓ

ਆਪਣੇ ਵਕੀਲ ਨਾਲ ਤੁਹਾਨੂੰ ਆਪ ਚੀਜ਼ਾਂ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਨ ਤੋਂ ਬਾਦ ਸਾਡੇ ਕੋਲ ਜਲਦੀ ਤੋਂ ਜਲਦੀ ਆਉਣਾ ਚਾਹੀਦਾ ਹੈ। ਜੇ ਤੁਸੀਂ ਉਨ੍ਹਾਂ ਦੇ ਆਖਰੀ ਦਿੱਤੇ ਹੋਏ ਉਤਰ ਪ੍ਰਤੀ ਖੁਸ਼ ਨਾ ਹੋਏ, ਤਾਂ ਉਨ੍ਹਾਂ ਦੇ ਆਖਰੀ ਉਤਰ ਮਿਲਣ ਤੋਂ ਬਾਅਦ ਸਾਡੇ ਕੋਲ ਤੁਹਾਨੂੰ ਆਪਣੀ ਸ਼ਿਕਾਇਤ ਕਰਨ ਲਈ ਵੱਧ ਤੋਂ ਵੱਧ 6 ਮਹੀਨਿਆਂ ਦਾ ਸਮਾਂ ਹੈ। ਪਹਿਲਾਂ ਸਮੱਸਿਆ ਪੈਦਾ ਹੋਣ ਤੋਂ ਬਾਅਦ 12 ਮਹੀਨਿਆਂ ਅੰਦਰ ਜਾਂ ਜਦੋਂ ਤੁਹਾਨੂੰ ਜਾਇਜ਼ ਤੌਰ ਤੇ ਸਮੱਸਿਆ ਬਾਰੇ ਜਾਣੂ ਹੋ ਜਾਣਾ ਚਾਹੀਦਾ ਸੀ, ਵੀ ਤੁਹਾਡੀ ਸ਼ਿਕਾਇਤ ਸਾਡੇ ਕੋਲ ਕੀਤੀ ਜਾਣੀ ਲਾਜ਼ਮੀ ਹੈ।

ਜਦੋਂ ਤੁਸੀਂ ਮਦਦ ਪ੍ਰਾਪਤ ਕਰਨ ਲਈ ਸਾਡੇ ਨਾਲ ਸੰਪਰਕ ਕੀਤਾ, ਤਾਂ ਤੁਹਾਨੂੰ ਅਤੇ ਤੁਹਾਡੇ ਵਕੀਲ ਨੂੰ, ਸਾਡੇ ਕੋਲ ਸ਼ਿਕਾਇਤ ਪਹੁੰਚਣ ਤੋਂ ਪਹਿਲਾਂ ਜੋ ਕੱਦਮ ਇਸ ਸ਼ਿਕਾਇਤ ਨੂੰ ਸੁਲਝਾਉਣ ਲਈ ਉਠਾਏ ਗਏ ਸਨ ਉਨ੍ਹਾਂ ਪ੍ਰਤੀ ਜਾਣਕਾਰੀ ਦੇਣੀ ਦੀ ਲੋੜ ਹੋਵੇਗੀ। ਇਸ ਕਰਕੇ ਸੱਭ ਲਿੱਖਤੀ ਚਿੱਠੀ ਪੱਤਰਾਂ ਦੀਆਂ ਕਪੀਆਂ ਅਤੇ ਨਾਲੇ ਜੋ ਕੁੱਝ ਤੁਸੀਂ ਨੋਟ ਕੀਤਾ ਹੋਵੇ ਕਿ ਕਦੋਂ ਕੀ ਹੋਇਆ ਸੀ, ਉਹ ਸੰਭਾਲ ਕੇ ਰੱਖੋ।

ਜਦੋਂ ਤੁਸੀਂ ਸਾਡੇ ਨਾਲ ਸੰਪਰਕ ਕਰੋ, ਜੇ ਤੁਹਾਡੇ ਕੋਲ ਇਹ ਹੋਵੇ ਤਾਂ ਮਦਦ ਹੋਵੇਗੀ:

- ਸੰਬੰਧਿਤ ਵਕੀਲ ਜਾਂ ਵਕੀਲਾਂ ਦੀ ਕੰਪਨੀ ਦਾ ਨਾਂ ਅਤੇ ਪਤਾ
- ਉਹ ਤਾਰੀਖ਼ ਜਦੋਂ ਤੁਸੀਂ ਪਹਿਲੇ ਮੌਕੇ ਤੇ ਉਨ੍ਹਾਂ ਨੂੰ ਆਪਣੀ ਸ਼ਿਕਾਇਤ ਬਾਰ ਦੱਸਿਆ ਹੋਵੇ
- ਜਿਸ ਸਮੱਸਿਆ ਬਾਰੇ ਤੁਸੀਂ ਉਨ੍ਹਾਂ ਨੂੰ ਸ਼ਿਕਾਇਤ ਕਰ ਰਹੇ ਹੋ ਉਸ ਸਮੱਸਿਆ ਪ੍ਰਤੀ ਤੁਹਾਨੂੰ ਪਹਿਲੇ ਮੌਕੇ ਤੇ ਜਾਣੂ ਹੋਣ ਦੀ ਤਾਰੀਖ਼
- ਜੋ ਉਨ੍ਹਾਂ ਨੇ ਤੁਹਾਨੂੰ ਉੱਤਰ ਦਿੱਤੇ ਹਨ ਉਨ੍ਹਾਂ ਦਾ ਵੇਰਵਾ।

## ਅਸੀਂ ਇਹ ਕਾਰਵਾਈ ਕਰ ਸਕਦੇ ਹਾਂ

ਜੇ ਅਸੀਂ ਸਹਿਮਤ ਹੋਏ ਕਿ ਤੁਹਾਡੇ ਵਕੀਲ ਦੀ ਸੇਵਾ ਸੰਤੋਖਜਨਕ ਨਹੀਂ ਸੀ, ਤਾਂ ਅਸੀਂ ਉਸ ਨੂੰ ਇਹ ਕਰਨ ਲਈ ਬੇਨਤੀ ਕਰ ਸਕਦੇ ਹਾਂ:

- ਤੁਹਾਡੇ ਤੋਂ ਮਾਫ਼ੀ ਮੰਗੇ
- ਜੋ ਵੀ ਦਸਤਾਵੇਜ਼ ਤੁਹਾਨੂੰ ਚਾਹੀਦੇ ਹੋਣ ਉਹ ਵਾਪਸ ਕਰੇ
- ਹੋਰ ਕੰਮ ਕਰਨ ਲਈ ਜੋ ਇਸ ਨਾਲ ਜੋ ਕੁੱਝ ਵਿੱਗੜ ਗਿਆ ਉਸ ਨੂੰ ਸੁਧਾਰਿਆ ਜਾ ਸਕੇ
- ਤੁਹਾਡੀ ਕਾਨੂੰਨੀ ਫ਼ੀਸ ਵਾਪਸ ਕੀਤੀ ਜਾਵੇ ਜਾਂ ਘਟਾਈ ਜਾਵੇ, ਜਾਂ
- ਜੇ ਤੁਹਾਡਾ ਨੁਕਸਾਨ ਹੋਇਆ ਹੋਵੇ ਜਾਂ ਤੁਹਾਡੇ ਨਾਲ ਮਾੜਾ ਵਰਤਾ ਕੀਤਾ ਗਿਆ ਹੋਵੇ ਤਾਂ ਤੁਹਾਨੂੰ ਮੁਆਵਜ਼ਾ ਦੇਣ ਲਈ ਆਖਾਂਗੇ (£30,000 ਤੱਕ ਕੋਈ ਵੀ ਰੱਕਮ ਹੋ ਸਕਦੀ ਹੈ)।

ਬਹੁਤੀਆਂ ਸ਼ਿਕਾਇਤਾਂ ਜੋ ਸਾਡੇ ਕੋਲ ਲਿਆਈਆਂ ਜਾਂਦੀਆਂ ਹਨ ਸੱਭ ਨੂੰ ਸਹਿਮਤ ਕਰਾਉਣ ਨਾਲ ਕਿ ਨਿਆਂ ਕੀ ਹੈ ਨਾਲ ਹੀ ਸੁਲਝਾਈਆਂ ਜਾ ਸਕਦੀਆਂ ਹਨ। ਜੇ ਲੋੜ ਹੋਵੇ ਤਾਂ ਅਸੀਂ ਰਿਵਾਇਤੀ ਜਾਂਚ ਪੜਤਾਲ ਵੀ ਕਰ ਸਕਦੇ ਹਾਂ। ਪਰੰਤੂ ਇਨ੍ਹਾਂ ਨੂੰ ਪੂਰੀਆਂ ਕਰਨ ਲਈ ਜਿਆਦਾ ਸਮਾਂ ਲੱਗ ਸਕਦਾ ਹੈ।

**ਇੱਕ ਵਾਰੀ ਸਵੀਕਾਰ ਕਰਨ ਉਪਰੰਤ, ਨਿਰਪੱਖ ਜਾਚਕ (Ombudsman’s) ਦਾ ਫੈਸਲਾ ਨਿਰਨੇਜਨਕ ਹੁੰਦਾ ਹੈ।**

LEGAL OMBUDSMAN

## ਸਾਡੇ ਨਾਲ ਕਿਵੇਂ ਸੰਪਰਕ ਕਰੋ

**ਫ਼ੋਨ ਕਰੋ**

ਤੁਸੀਂ ਸਾਨੂੰ **0300 555 0333** ਤੇ ਫ਼ੋਨ ਕਰ ਸਕਦੇ ਹੋ।
(ਕਾਨੂੰਨੀ ਨਿਰਪੱਖ ਜਾਚਕ (Legal Ombudsman) ਨੂੰ ਕੀਤੇ ਫ਼ੋਨ ਕਾਲਾਂ ਦਾ ਖ਼ਰਚਾ, ਮੋਬਾਇਲ ਫ਼ੋਨ ਤੋਂ ਵੀ, ਆਮ ਜਮੀਨ ਫ਼ੋਨ ਲਾਇਨ 01 ਜਾਂ 02 ਨੰਬਰਾਂ ਦੇ ਬਰਾਬਰ ਹੀ ਲਿਆ ਜਾਂਦਾ ਹੈ ਅਤੇ ਸਿੱਖਲਾਈ ਅਤੇ ਨਿਗਰਾਨੀ ਲਈ ਇਹ ਫ਼ੋਨ ਕਾਲ ਰਿਕਾਰਡ ਕੀਤੇ ਜਾਂਦੇ ਹਨ)।

ਅਸੀਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 8.30 ਅਤੇ ਦੁਪਹਿ 5.30 ਤੱਕ ਖੁੱਲ੍ਹੇ ਹਾਂ।

ਜੇ ਤੁਸੀਂ ਵਿਦੇਸ਼ਾਂ ਤੋਂ ਟੈਲੀਫ਼ੋਨ ਕਰ ਰਹੇ ਹੋ, ਤਾਂ ਕਿਰਪਾ ਕਰਕੇ +44 121 245 3050 ਤੇ ਫ਼ੋਨ ਕਰੋ।

ਸਾਡੇ ਮਿਨੀਕੌਮ ਲਈ 0300 555 1777 ਤੇ ਕਾਲ ਕਰੋ।

**ਈਮੇਲ**

ਤੁਸੀਂ ਸਾਨੂੰ ਇਥੇ ਈਮੇਲ ਵੀ ਕਰ ਸਕਦੇ ਹੋ **enquiries@legalombudsman.org.uk**

ਜੇ ਤੁਸੀਂ ਸਾਡੇ ਅਤੇ ਅਸੀਂ ਕੀ ਕੁੱਝ ਕਰਦੇ ਹਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਵੈਬਸਾਈਟ ਤੇ ਪਧਾਰੋ
**www.legalombudsman.org.uk**

**ਲਿੱਖੋ**

ਜੇ ਤੁਸੀਂ ਪਸੰਦ ਕਰੋਂ, ਤਾਂ ਤੁਸੀਂ ਸਾਨੂੰ ਇਥੇ ਲਿੱਖ ਸਕਦੇ ਹੋ:
**Legal Ombudsman**
PO Box 6806
Wolverhampton
WV1 9WJ

ਜੇ ਤੁਹਾਨੂੰ ਇਹ ਜਾਣਕਾਰੀ ਹੋਰ ਭਾਸ਼ਾ, ਵੱਡੀ ਛਪਾਈ, ਬ੍ਰੇਲ ਜਾਂ ਸੀ.ਡੀ. ਤੇ ਚਾਹੀਦੀ ਹੋਵੇ, ਤਾਂ ਕਿਰਪਾ ਕਰਕ ਸਾਡੇ ਨਾਲ ਸੰਪਰਕ ਕਰੋ।

LEGAL OMBUDSMAN